# ਘਰ ਵਿੱਚ ਇੰਟਰਨੈੱਟ ਨਾਲ ਆਪਣੇ ਬੱਚੇ ਦੀ ਸਿੱਖਿਆ ਦਾ ਸਮਰਥਨ ਕਰੋ

ਆਸਟ੍ਰੇਲੀਆਈ ਸਰਕਾਰ ਨੇ ਸਕੂਲੀ ਉਮਰ ਦੇ ਵਿਦਿਆਰਥੀਆਂ ਵਾਲੇ 30,000 ਤੱਕ ਇੰਟਰਨੈੱਟ ਰਹਿਤ ਪਰਿਵਾਰਾਂ ਨੂੰ ਇੱਕ ਸਾਲ ਲਈ **ਮੁਫ਼ਤ ਹੋਮ ਇੰਟਰਨੈੱਟ** ਦੇਣ ਲਈ School Student Broadband Initiative (ਸਕੂਲ ਸਟੂਡੈਂਟ ਬ੍ਰੋਡਬੈਂਡ ਪਹਿਲਕਦਮੀ) ਦੀ ਸਥਾਪਨਾ ਕੀਤੀ ਹੈ।

ਇਹ ਸਿੱਖਿਆ ਦੇ ਮੌਕਿਆਂ ਨੂੰ ਹੁਲਾਰਾ ਦੇਣ ਅਤੇ ਡਿਜ਼ੀਟਲ ਪਾੜੇ ਨੂੰ ਘਟਾਉਣ ਲਈ ਇੱਕ ਟੀਚਾਗਤ ਕਿਫ਼ਾਇਤੀ ਉਪਰਾਲਾ ਹੈ। NBN Co ਇਸ ਪਹਿਲਕਦਮੀ ਨੂੰ ਲਾਗੂ ਕਰਨ ਵਿੱਚ ਮੋਹਰੀ ਹੈ।

**School Student Broadband Initiative ਤੁਹਾਡੇ ਬੱਚੇ ਦੀ ਮੱਦਦ ਕਿਵੇਂ ਕਰ ਸਕਦਾ ਹੈ?**

ਜਿਹੜੇ ਬੱਚੇ ਆਪਣੀ ਸਿੱਖਿਆ ਦੇ ਹਿੱਸੇ ਵਜੋਂ ਘਰ ਵਿੱਚ ਔਨਲਾਈਨ ਸਿੱਖਿਆ ਤੱਕ ਪਹੁੰਚ ਕਰ ਸਕਦੇ ਹਨ, ਉਹ ਕਲਾਸਰੂਮ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।

ਘਰ ਵਿੱਚ ਤੇਜ਼ ਇੰਟਰਨੈੱਟ ਤੱਕ ਪਹੁੰਚ ਬੱਚਿਆਂ ਨੂੰ ਉਹਨਾਂ ਦੇ ਡਿਜ਼ੀਟਲ ਹੁਨਰਾਂ ਵਿਕਸਤ ਕਰਨ, ਇੰਟਰਨੈੱਟ ਦੀ ਸੁਰੱਖਿਅਤ ਢੰਗ ਨਾਲ ਵਰਤੋਂ ਕਿਵੇਂ ਕਰਨੀ ਹੈ ਅਤੇ ਇੱਕ ਅਜਿਹੀ ਦੁਨੀਆ ਵਿੱਚ ਕਿਵੇਂ ਹਿੱਸਾ ਲੈਣਾ ਹੈ ਜੋ ਡਿਜ਼ੀਟਲ ਤਕਨਾਲੋਜੀ 'ਤੇ ਵਧੇਰੇ ਨਿਰਭਰ ਹੈ ਸਿੱਖਣ ਵਿੱਚ ਸਹਾਇਤਾ ਕਰ ਸਕਦੀ ਹੈ ।

**ਕੀ ਮੇਰਾ ਪਰਿਵਾਰ School Student Broadband Initiative ਲਈ ਯੋਗ ਹੈ?**

ਯੋਗ ਬਣਨ ਲਈ, ਪਰਿਵਾਰਾਂ ਨੂੰ ਲਾਜ਼ਮੀ:

- ✓ ਘਰ ਵਿੱਚ ਇੱਕ ਬੱਚਾ ਰਹਿ ਰਿਹਾ ਹੋਵੇ ਜੋ 2023 ਵਿੱਚ ਕਿਸੇ ਆਸਟ੍ਰੇਲੀਆਈ ਸਕੂਲ ਵਿੱਚ ਦਾਖਲ ਹੋਵੇ।
- ✓ ਘਰ ਵਿੱਚ ਕੋਈ ਚਾਲੂ ਨੈਸ਼ਨਲ ਬ੍ਰੋਡਬੈਂਡ ਨੈੱਟਵਰਕ ਇੰਟਰਨੈੱਟ ਸੇਵਾ ਨਹੀਂ ਹੋਣੀ ਚਾਹੀਦੀ ਹੈ। ਮੋਬਾਈਲ ਇੰਟਰਨੈੱਟ ਸੇਵਾ ਹੋਣ ਨਾਲ ਯੋਗਤਾ 'ਤੇ ਕੋਈ ਅਸਰ ਨਹੀਂ ਪੈਂਦਾ।
- ✓ ਕਿਸੇ ਨਾਮਜ਼ਦ ਕਰਨ ਵਾਲੀ ਸੰਸਥਾ ਦੁਆਰਾ ਰੈਫ਼ਰ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਇਹ ਵਿਚਾਰ ਸ਼ਾਮਲ ਹੋਵੇਗਾ ਕਿ ਕੀ ਬੱਚੇ ਦੀ ਕਿਸੇ ਡਿਵਾਈਸ ਤੱਕ ਪਹੁੰਚ ਹੈ ਅਤੇ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਕਰਨ ਲਈ ਡਿਜ਼ੀਟਲ ਹੁਨਰ ਹਨ।

- ✓ ਅਜਿਹੇ ਸਥਾਨ ਵਿੱਚ ਰਹਿੰਦਾ ਹੋਣਾ ਚਾਹੀਦਾ ਹੈ ਜੋ ਇੱਕ ਮਿਆਰੀ ਕਨੈਕਸ਼ਨ ਰਾਹੀਂ ਨੈਸ਼ਨਲ ਬ੍ਰੋਡਬੈਂਡ ਨੈੱਟਵਰਕ ਤੱਕ ਪਹੁੰਚ ਕਰ ਸਕਦਾ ਹੈ - ਇਸਦੀ ਤੁਹਾਡੇ ਲਈ ਜਾਂਚ ਕੀਤੀ ਜਾਵੇਗੀ।

**School Student Broadband Initiative ਕਿਵੇਂ ਕੰਮ ਕਰਦੀ ਹੈ?**

ਇਸ ਪਹਿਲਕਦਮੀ ਵਿੱਚ ਭਾਗ ਲੈਣ ਵਾਲੇ ਪਰਿਵਾਰਾਂ ਦੀ ਪਛਾਣ ਸਕੂਲਾਂ, ਸਿੱਖਿਆ ਅਥਾਰਟੀਆਂ, ਚੈਰਿਟੀ ਅਤੇ ਕਮਿਊਨਿਟੀ ਸੰਸਥਾਵਾਂ ਦੁਆਰਾ ਕੀਤੀ ਜਾਵੇਗੀ ਅਤੇ ਉਹਨਾਂ ਨਾਲ ਸਿੱਧੇ ਤੌਰ 'ਤੇ (ਮਾਪਿਆਂ/ਦੇਖਭਾਲ ਕਰਤਾਵਾਂ ਦੁਆਰਾ) ਸੰਪਰਕ ਕੀਤਾ ਜਾਵੇਗਾ - ਇਹ ਨਾਮਜ਼ਦ ਸੰਸਥਾਵਾਂ ਹਨ।

ਜੇਕਰ ਤੁਸੀਂ ਯੋਗ ਹੋ, ਤਾਂ ਨੈਸ਼ਨਲ ਬ੍ਰੋਡਬੈਂਡ ਨੈੱਟਵਰਕ 'ਤੇ ਇੱਕ ਭਾਗੀਦਾਰ ਇੰਟਰਨੈੱਟ ਪ੍ਰਦਾਤਾ ਦੁਆਰਾ ਘਰੇਲੂ ਇੰਟਰਨੈੱਟ ਸੇਵਾ ਇੱਕ ਸਾਲ ਲਈ ਬਿਨ੍ਹਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀ ਜਾਵੇਗੀ। ਤੁਹਾਨੂੰ ਇੰਟਰਨੈੱਟ ਨਾਲ ਜੋੜਨ ਲਈ ਇਹਨਾਂ ਇੰਟਰਨੈੱਟ ਪ੍ਰਦਾਤਾਵਾਂ ਦੀ ਆਪਣੀ ਖੁਦ ਦੀ ਕਦਮ-ਦਰ-ਕਦਮ ਪ੍ਰਕਿਰਿਆ ਹੋਵੇਗੀ, ਜਿਸ ਵਿੱਚ ਤੁਹਾਡਾ ਸ਼ਨਾਖ਼ਤ ਕਰਵਾਉਣਾ ਸ਼ਾਮਲ ਹੋ ਸਕਦਾ ਹੈ।

ਇੱਕ ਵਾਰ ਜਦੋਂ ਤੁਸੀਂ ਸਾਈਨ ਅੱਪ ਕਰ ਲੈਂਦੇ ਹੋ, ਤਾਂ ਇੰਟਰਨੈੱਟ ਪ੍ਰਦਾਤਾ ਤੁਹਾਡਾ ਕਨੈਕਸ਼ਨ ਸੈੱਟ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ। ਇਸ ਪਹਿਲਕਦਮੀ ਵਿੱਚ ਕੰਪਿਊਟਰ ਜਾਂ ਟੈਬਲੇਟ ਵਰਗੀਆਂ ਡਿਵਾਈਸਾਂ ਸ਼ਾਮਲ ਨਹੀਂ ਹਨ। ਘਰ ਦੇ ਹੋਰ ਮੈਂਬਰ ਇਸ ਪਹਿਲਕਦਮੀ ਰਾਹੀਂ ਮੁਹੱਈਆ ਕਰਵਾਈ ਗਈ ਇੰਟਰਨੈੱਟ ਸੇਵਾ ਦੀ ਵਰਤੋਂ ਕਰ ਸਕਦੇ ਹਨ।

ਇੱਕ-ਸਾਲ ਦੀ ਮਿਆਦ ਉਸ ਦਿਨ ਤੋਂ ਸ਼ੁਰੂ ਹੋਵੇਗੀ ਜਦੋਂ ਤੁਹਾਡੀ ਸੇਵਾ ਤੁਹਾਡੇ ਚੁਣੇ ਹੋਏ ਭਾਗੀਦਾਰ ਇੰਟਰਨੈੱਟ ਪ੍ਰਦਾਤਾ ਨਾਲ ਚਾਲੂ ਹੁੰਦੀ ਹੈ। ਇੱਕ ਸਾਲ ਦੀ ਮਿਆਦ ਦੇ ਅੰਤ 'ਤੇ, ਤੁਹਾਨੂੰ ਤੁਹਾਡੀ ਸਹਿਮਤੀ ਤੋਂ ਬਿਨ੍ਹਾਂ ਤੁਹਾਡੇ ਇੰਟਰਨੈੱਟ ਪ੍ਰਦਾਤਾ ਦੁਆਰਾ ਭੁਗਤਾਨ ਕੀਤੀ ਸੇਵਾ 'ਤੇ ਨਹੀਂ ਰੱਖਿਆ ਜਾਣਾ ਚਾਹੀਦਾ ਹੈ। ਆਸਟ੍ਰੇਲੀਆਈ ਸਰਕਾਰ ਇੱਕ ਸਾਲ ਦੀ ਮੁਫ਼ਤ ਮਿਆਦ ਤੋਂ ਬਾਅਦ ਦੇ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ।

## ਮੈਨੂੰ ਇਨੀਸ਼ੀਏਟਿਵ ਬਾਰੇ ਵਾਧੂ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

School Student Broadband Initiative ਬਾਰੇ ਵਧੇਰੇ ਜਾਣਕਾਰੀ ਲਈ, ਇੱਥੇ ਜਾਓ

www.infrastructure.gov.au/SSBI